Kaur 1/9/23

# BUDHA DAL PUBLIC SCHOOL, PATIALA

## FIRST TERM EXAMINATION (15 September 2023)

**Class-IV**

**Sub: Punjabi**

**(Set - B)**

**Time:3hrs.** **Marks:60**

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਜਲਦੀ, ਦੁਨੀਆ, ਸਮਾਂ, ਮਦਦ

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ।** (3)

ਬੱਕਰੀ, ਪਾਣੀ , ਫੁੱਲ

**ਪ੍ਰ3. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (4)

**(ਸੁੰਦਰਤਾ, ਵਿਗਿਆਨ, ਫੁੱਲ, ਖੋਜ)**

1. ਬਿਜਲੀ ................ ਦਾ ਕ੍ਰਿਸ਼ਮਾ ਹੈ।
2. ਫੁੱਲ ਨੂੰ ਵੀ ਆਪਣੀ ............... ਦਾ ਬਹੁਤ ਮਾਣ ਸੀ।
3. ਬਿਜਲੀ ਦੀ ............... ਬਹੁਤ ਪੁਰਾਣੀ ਹੈ।
4. ਬੱਕਰੀ ਨੂੰ ਗੁਲਾਬ ਦੇ ............ ਪਸੰਦ ਆ ਗਏ।

**ਪ੍ਰ4. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (4)

1. ਬੱਕਰੀ ਨੇ ਗੁਲਾਬ ਦਾ ਬੂਟਾ ਖਾ ਲਿਆ।
2. ਬਿਜਲੀ ਇੱਕ ਆਗਿਆਕਾਰ ਨੌਕਰਾਣੀ ਵਾਂਗ ਕੰਮ ਕਰਦੀ ਹੈ।
3. ਗੁਲਾਬ ਦੇ ਫੁੱਲਾਂ ਦਾ ਬੂਟਾ ਪਹਾੜ 'ਤੇ ਉੱਗਿਆ ਸੀ।
4. ਬਿਜਲੀ ਦੀ ਨੰਗੀ ਤਾਰ ਨੂੰ ਛੂਹਣਾ ਚਾਹੀਦਾ ਹੈ।

**ਪ੍ਰ5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਨੂੰ (✓) ਕਰੋ।** (4)

1. ਗੁਲਾਬ ਦੇ ਆਲ਼ੇ-ਦੁਆਲ਼ੇ ਕਿਹੋ ਜਿਹੇ ਬੂਟੇ ਸਨ?

   ੳ) ਫ਼ਲਦਾਰ ਅ) ਕੰਡਿਆਂ ਵਾਲੇ ੲ) ਸੁੱਕੇ ਹੋਏ

2. ਬਿਜਲੀ ਦੇ ਝਟਕੇ ਨਾਲ ਕੀ ਹੋ ਸਕਦਾ ਹੈ?

   ੳ) ਮੌਤ ਅ) ਬਿਲ ਵਿੱਚ ਕਟੌਤੀ ੲ) ਕੁਤਕੁਤਾਰੀਆਂ

3. ਸ਼ਹਿਦ ਦੀ ਮੱਖੀ ਦੇ ਘਰ ਨੂੰ ਕੀ ਆਖਦੇ ਹਨ?

   ੳ) ਆਲ੍ਹਣਾ ਅ) ਛੱਤਾ ੲ) ਖੁੱਡ

4. ਹਮਲਾ ਹੋਣ ਦੀ ਸੂਰਤ ਵਿੱਚ ਸ਼ਹਿਦ ਦੀ ਮੱਖੀ ਕੀ ਕਰਦੀ ਹੈ?

   ੳ) ਕੱਟਦੀ ਹੈ ਅ) ਵੱਢਦੀ ਹੈ ੲ) ਡੰਗ ਮਾਰਦੀ ਹੈ

Scanned with OKEN Scanner

ਪ੍ਰ6. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

1. ਗਰਮੀਆਂ ਵਿੱਚ ਗੁਲਾਬ ਦਾ ਫੁੱਲ ਕਿਉਂ ਸੁੱਕ ਜਾਂਦਾ ਸੀ?

2. ਬਿਜਲੀ ਕਿਵੇਂ ਬਚਾਉਣੀ ਚਾਹੀਦੀ ਹੈ?

3. 'ਹੰਕਾਰੀ ਗੁਲਾਬ ਦੀ ਕਹਾਣੀ' ਪਾਠ ਤੋਂ ਕੀ ਸਿੱਖਿਆ ਮਿਲਦੀ ਹੈ?

4. ਬਿਜਲੀ ਦੇ ਝਟਕੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

ਪ੍ਰ7. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ: (4)

1. ਇੱਕ ਅੱਖ ਨਾਲ ਵੇਖਣਾ -

2. ਅੱਖਾਂ 'ਤੇ ਬਿਠਾਉਣਾ -

3. ਹੱਥ ਮੱਲਣੇ -

4. ਹਰਨ ਹੋ ਜਾਣਾ -

ਪ੍ਰ8. ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (3)

ਆਗਿਆ, ਤਰੱਕੀ, ਭੈੜਾ

ਪ੍ਰ9. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (4)

1. ਦਾਨ ਕਰਨ ਵਾਲਾ -

2. ਜੋ ਗੱਲ ਕਹੀ ਨਾ ਜਾ ਸਕੇ -

3. ਜਿਸ ਨੂੰ ਸਾਰੇ ਪਿਆਰ ਕਰਕੇ ਹੋਣ -

4. ਜੋ ਕਹਾਣੀਆਂ ਲਿਖਦਾ ਹੋਵੇ -

ਪ੍ਰ10. ਆਮ-ਜਾਣਕਾਰੀ ਸੰਬੰਧੀ ਪ੍ਰਸ਼ਨ/ਉੱਤਰ : (4)

1. 'ਗਣਤੰਤਰ ਦਿਵਸ' ਕਿਸ ਦਿਨ ਨੂੰ ਕਹਿੰਦੇ ਹਨ?

2. ਦੁਸਹਿਰੇ ਦੇ ਤਿਉਹਾਰ 'ਤੇ ਕਿਸ ਦਾ ਪੁਤਲਾ ਸਾੜਿਆ ਜਾਂਦਾ ਹੈ?

3. ਪੰਜਾਬ ਦੇ ਮੁੱਖ ਮੰਤਰੀ ਦਾ ਨਾਂ ਦੱਸੋ।

4. ਪੰਜਾਬ ਦਾ 'ਉੱਡਣਾ ਸਿੱਖ' ਕਿਸ ਨੂੰ ਕਹਿੰਦੇ ਹਨ?

Scanned with OKEN Scanner

ਪ੍ਰ11. ਸਹੀ ਸ਼ਬਦ ਚੁਣ ਕੇ ਲਿਖੋ : (4)

1. ਫ਼ਰਵਰੀ ਤੋਂ ਬਾਅਦ ............ ਮਹੀਨਾ ਆਉਂਦਾ ਹੈ। (ਮਾਰਚ, ਅਪ੍ਰੈਲ)
2. .................. ਸਾਡਾ ਰਾਸ਼ਟਰੀ ਜਾਨਵਰ ਹੈ। (ਬਾਘ, ਸ਼ੇਰ)
3. ਪੰਜਾਬੀ ਸਾਡੀ ............... ਭਾਸ਼ਾ ਹੈ। (ਰਾਜ, ਰਾਸ਼ਟਰ)
4. .............. ਇੱਕ ਪਵਿੱਤਰ ਨਦੀ ਹੈ। (ਸਤਲੁਜ, ਗੰਗਾ)

ਪ੍ਰ12. ਲੇਖ ਲਿਖੋ: (5)

ਮੇਰਾ ਮਿੱਤਰ / ਮੇਰੀ ਸਹੇਲੀ **ਜਾਂ** ਮੇਰਾ ਸਕੂਲ

ਪ੍ਰ13. ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਕਾਰਨ ਛੁੱਟੀ ਲਈ ਬਿਨੈ-ਪੱਤਰ ਲਿਖੋ। (5)

**ਜਾਂ**

ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਕਾਰਨ ਛੁੱਟੀ ਲਈ ਬਿਨੈ-ਪੱਤਰ ਲਿਖੋ।

ਪ੍ਰ14. ਅਣਡਿੱਠਾ ਪੈਰਾ (4)

ਕਿਸੇ ਜੰਗਲ ਵਿੱਚ ਇੱਕ ਸ਼ੇਰ ਬਹੁਤ ਸਾਰੇ ਜਾਨਵਰਾਂ ਨੂੰ ਮਾਰ ਕੇ ਖਾ ਜਾਂਦਾ ਸੀ। ਹੌਲੀ-ਹੌਲੀ ਜਾਨਵਰਾਂ ਦੀ ਗਿਣਤੀ ਘੱਟਣ ਲੱਗ ਪਈ। ਸਾਰੇ ਜਾਨਵਰਾਂ ਨੇ ਸ਼ੇਰ ਨੂੰ ਬੇਨਤੀ ਕੀਤੀ ਕਿ ਉਹ ਉਸ ਲਈ ਹਰ ਰੋਜ਼ ਕਿਸੇ ਨਾ ਕਿਸੇ ਜਾਨਵਰ ਨੂੰ ਭੋਜਨ ਦੇ ਰੂਪ ਵਿੱਚ ਭੇਜ ਦਿਆ ਕਰਨਗੇ। ਉਹ ਬਹੁਤੇ ਜਾਨਵਰਾਂ ਨੂੰ ਨਾ ਮਾਰੇ। ਸ਼ੇਰ ਨੇ ਉਹਨਾਂ ਦੀ ਗੱਲ ਮੰਨ ਲਈ। ਹੁਣ, ਹਰ ਰੋਜ਼ ਇੱਕ-ਇੱਕ ਜਾਨਵਰ ਉਸ ਦੀ ਭੇਟਾ ਚੜ੍ਹਨ ਲੱਗ ਪਿਆ। ਇੱਕ ਦਿਨ ਇੱਕ ਕਮਜ਼ੋਰ ਖ਼ਰਗੋਸ਼ ਦੀ ਵਾਰੀ ਆਈ। ਉਹ ਸੀ ਤਾਂ ਮਾੜਕੂ ਜਿਹਾ ਪਰ ਉਹ ਬੁੱਧੀ ਪੱਖੋਂ ਬੜਾ ਚਲਾਕ ਸੀ। ਉਹ ਸ਼ੇਰ ਕੋਲ ਕੁਝ ਦੇਰ ਨਾਲ ਪੁੱਜਿਆ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਕੌਣ ਜਾਨਵਰਾਂ ਨੂੰ ਮਾਰ ਕੇ ਖਾ ਜਾਂਦਾ ਸੀ?
2. ਕਿੰਨ੍ਹਾਂ ਦੀ ਗਿਣਤੀ ਘੱਟਣ ਲੱਗ ਪਈ?

**ਖਾਲੀ ਥਾਵਾਂ ਭਰੋ:**

1. ਮਾੜਕੂ ਖ਼ਰਗੋਸ਼ ਬੁੱਧੀ ਪੱਖੋਂ ਬੜਾ ........... ਸੀ।
2. ਇੱਕ ........... ਖ਼ਰਗੋਸ਼ ਦੀ ਵਾਰੀ ਆਈ।

**ਸਹੀ/ਗਲਤ:**

1. ਹਾਥੀ ਜਾਨਵਰਾਂ ਨੂੰ ਮਾਰ ਕੇ ਖਾ ਜਾਂਦਾ ਸੀ।
2. ਮਾੜਕੂ ਖ਼ਰਗੋਸ਼ ਸ਼ੇਰ ਕੋਲ ਦੇਰ ਨਾਲ ਪੁੱਜਿਆ।

Scanned with OKEN Scanner